Punjabi

ਤੁਸੀਂ ਆਪਣੇ ਬੱਚੇ ਵਾਸਤੇ 2012/13 ਲਈ ਸੈਕੰਡਰੀ

ਸਕੂਲ ਵਿੱਚ ਥਾਂ ਲੈਣ ਲਈ ਕਿਵੇਂ ਅਪਲਾਈ ਕਰਨਾ ਹੈ

How to apply for your child's Secondary school place 2012/13

ਸੰਖੇਪ ਵਿੱਚ ਰਾਹਨੁਮਾਈ

Summary guide

ਨੌਟਿੰਘਮ
ਸਿਟੀ ਕਾਉਂਸਲ

ਆਪਣੇ ਬੱਚੇ ਲਈ ਸੈਕੰਡਰੀ ਸਕੂਲ ਵਿੱਚ ਥਾਂ ਲੈਣ ਲਈ ਕਿਵੇਂ ਅਪਲਾਈ ਕਰਨਾ

ਇਹ ਪਰਚਾ ਤੁਹਾਡੇ ਬੱਚੇ ਲਈ ਸਕੂਲ ਵਿੱਚ ਥਾਂ ਲੈਣ ਲਈ ਅਪਲਾਈ ਕਰਨ ਵਿੱਚ ਮਦਦ ਕਰੇਗਾ ਪਰ ਇਹ ਬਹੁਤ ਸੰਖੇਪ ਵਿੱਚ ਹੈ। ਪੂਰੀ ਜਾਣਕਾਰੀ 'ਨੌਟਿੰਘਮ ਵਿੱਚ ਸਕੂਲ ਜਾਣਾ 2012/13 " ਕਿਤਾਬਚੇ ਵਿੱਚ ਦਿੱਤੀ ਗਈ ਹੈ ਜੋਕਿ ਇਸ ਨੌਟਿੰਘਮ ਦੀ ਸਕੂਲ ਦੇ ਦਾਖ਼ਲੇ ਬਾਰੇ ਵੇਂਬਸਾਈਟ ਤੋਂ ਮਿਲਦੀ ਹੈ

www.mynottingham.gov.uk/schooladmissions

ਇਸ ਦੇ ਹਵਾਲੇ ਬਾਰੇ ਨਕਲਾਂ ਸਿਟੀ ਦੇ ਸਕੂਲਾਂ, ਲਾਇਬ੍ਰੇਰੀਆਂ ਅਤੇ ਚਿਲਡਰਨ'ਸ ਸੈਂਟਰ ਤੋਂ ਮਿਲਦੀਆਂ ਹਨ। ਕਾਗ਼ਜ਼ਾਤ ਸ਼ਕਲ ਵਿੱਚ ਕਾਪੀਆਂ ਦੀ ਗਿਣਤੀ ਸੀਮਤ ਹੈ। ਇਸ ਦੀ ਕਾਪੀ (ਨਕਲ) ਲੈਣ ਲਈ ਮਿਹਰਬਾਨੀ ਕਰਕੇ ਐਡਮਿਸ਼ਨ ਐਂਡ ਇਨਕਲੁਯਨ ਟੀਮ ਨਾਲ ਇਸ ਨੰਬਰ 0115 841 5568 ਤੇ ਸੰਪਰਕ ਕਰੋ।

ਜੇ ਤੁਹਾਡਾ ਬੱਚਾ ਨੌਟਿੰਘਮ ਸਿਟੀ ਵਿੱਚ ਰਹਿੰਦਾ ਹੈ ਅਤੇ ਪੈਦਾਇਸ਼ 1 ਸਤੰਬਰ 2000 ਅਤੇ 31 ਅਗਸਤ 2001 ਦੇ ਵਿੱਚ ਵਿੱਚ ਹੋਈ ਸੀ ਤਾਂ ਤੁਹਾਨੂੰ ਉਸ ਲਈ ਸੈਕੰਡਰੀ ਸਕੂਲ ਵਿੱਚ ਥਾਂ ਲੈਣ ਲਈ ਨੌਟਿੰਘਮ ਸਿਟੀ ਕਾਉਂਸਲ ਨੂੰ ਅਪਲਾਈ ਕਰਨਾ ਪਵੇਗਾ।

ਮੈਂ ਕਿਵੇਂ ਅਪਲਾਈ ਕਰਾਂ?

ਤੁਸੀਂ 9 ਸਤੰਬਰ 2011 ਤੋਂ ਅਪਲਾਈ ਕਰਨਾ ਸ਼ੁਰੂ ਕਰ ਸਕੋਗੇ।

ਇਸ ਵਾਸਤੇ ਅਰਜ਼ੀ ਦੇਣੀ ਖ਼ਤਮ ਹੋਣ ਦੀ ਤਰੀਕ 31 ਅਕਤੂਬਰ 2011 ਸੋਮਵਾਰ ਰਾਤ ਦੇ ਬਾਰਾਂ ਵਜੇ ਤੱਕ ਹੈ। ਇਸ ਤਰੀਕ ਦੇ ਲੰਘ ਜਾਣ ਤੋਂ ਬਾਦ ਅਪਲਾਈ ਕਰਨ ਨਾਲ ਤੁਹਾਡੀ ਪਸੰਦ ਦੇ ਸਕੂਲ ਵਿੱਚ ਥਾਂ ਮਿਲਣ ਦੇ ਮੌਕੇ ਘੱਟ ਜਾਂਦੇ ਹਨ ਖ਼ਾਸ ਤੌਰ ਤੇ ਜੇ ਉਹ ਸਕੂਲ ਬਹੁਤ ਮਸ਼ਹੂਰ ਹੋਵੇ।

ਅਪਲਾਈ ਕਰਨ ਦਾ ਸਭ ਤੋਂ ਸੌਖਾ ਅਤੇ ਛੇਤੀ ਵਾਲਾ ਤਰੀਕਾ ਹੈ ਕਿ ਆਨਲਾਈਨ ਇਸ ਪਤੇ ਤੇ ਅਪਲਾਈ ਕੀਤਾ ਜਾਵੇ

www.mynottingham.gov.uk/schooladmissions

ਆਨਲਾਈਨ ਅਪਲਾਈ ਕਰਨਾ ਬਹੁਤ ਸੁਰੱਖਿਅਤ ਅਤੇ ਭੇਦ ਵਿੱਚ ਹੈ। ਤੁਸੀਂ ਆਪਣੀ ਅਰਜ਼ੀ ਵਿੱਚ ਤਰੀਕ ਦੇ ਅਖ਼ੀਰ ਤੱਕ ਦਰੁਸਤੀਆਂ ਜਾਂ ਅਦਲਾ ਬਦਲੀ ਕਰ ਸਕਦੇ ਹੋ ਅਤੇ ਤੁਹਾਨੂੰ ਇੱਕ ਈਮੇਲ ਭੇਜੀ ਜਾਵੇਗੀ ਕਿ ਸਾਨੂੰ ਤੁਹਾਡੀ ਅਰਜ਼ੀ ਮਿਲ ਗਈ ਹੈ ਅਤੇ ਤੁਹਾਡਾ ਫ਼ਿਕਰ ਖ਼ਤਮ ਹੋ ਜਾਵੇਗਾ।

ਤੁਹਾਨੂੰ ਆਪਣੇ ਵਰਤੇ ਗਏ ਨਾਮ (ਯੂਜ਼ਰਨੇਮ) ਅਤੇ ਪਾਸਵਰਡ ਅਤੇ ਖ਼ਾਸ ਸ਼ਨਾਖ਼ਤ ਨੰਬਰ ਲਿੱਖ ਕੇ ਜਾਂ ਜ਼ਬਾਨੀ ਯਾਦ ਰੱਖਣ ਦੀ ਲੋੜ ਹੋਵੇਗੀ।

ਇੰਟਰਨੇੱਟ ਤੱਕ ਪਹੁੰਚ ਬਹੁਤੀਆਂ ਸਿਟੀ ਲਾਇਬ੍ਰੇਰੀਆਂ ਅਤੇ ਚਿਲਡਰਨ ਸੈਂਟਰਾਂ ਤੇ ਮਿਲਦੀ ਹੈ। ਕਈ ਸਕੂਲ ਵੀ ਸ਼ਾਇਦ ਤੁਹਾਨੂੰ ਅਪਲਾਈ ਕਰਨ ਵਾਸਤੇ ਆਪਣੇ ਕੰਮਪਿਉਟਰ ਦੀ ਵਰਤੋਂ ਕਰਨ ਦੀ ਇਜ਼ਾਜ਼ਤ ਦੇ ਦੇਣ।

ਜੇ ਤੁਹਾਡਾ ਆਪਣਾ ਕੋਈ ਈਮੇਲ ਅਕਾਉਂਟ ਨਹੀਂ ਹੈ ਤਾਂ ਤੁਹਾਨੂੰ ਇਹ ਸੇੱਟ ਕਰਨਾ ਪਵੇਗਾ। ਇਹ ਕਿਸ ਤਰ੍ਹਾਂ ਕਰਨਾ ਹੈ ਇਸ ਬਾਰੇ ਮਦਦ ਲੈਣ ਲਈ ਇਸ ਵੇੱਬਸਾਈਟ ਤੇ ਦੇਖੋ **www.go-on.co.uk** ਅਤੇ ਇਸ ਵਿੱਚ ਦਿੱਤੀਆਂ ਹਿਦਾਇਤਾਂ ਤੇ ਚਲੋ।

ਬੇਨਤੀ ਕਰਨ ਤੇ ਆਪ ਫ਼ਾਰਮ ਭਰਨ ਲਈ ਕਾਗ਼ਜ਼ਾਤ ਫ਼ਾਰਮ ਵੀ ਮਿਲ ਜਾਂਦਾ ਹੈ।

ਆਪਣਾ ਫ਼ਾਰਮ ਭਰੋ ਅਤੇ ਚਾਰ ਸਕੂਲਾਂ ਤੱਕ ਨਾਮ ਦੇ ਸਕਦੇ ਹੋ। ਇਸ ਵਿੱਚ ਨੌਟਿੰਘਮ ਸਿਟੀ ਦੇ ਬਾਹਰਲੇ ਸਕੂਲ ਵੀ ਸ਼ਾਮਲ ਕਰ ਸਕਦੇ ਹੋ। ਸਕੂਲਾਂ ਦੇ ਨਾਂ ਦੀ ਸੂਚੀ ਤਰਤੀਬ ਵਿੱਚ ਲਿੱਖੋ ਸਭ ਤੋਂ ਜ਼ਿਆਦਾ ਪਸੰਦ ਸਕੂਲ ਸੂਚੀ ਤੇ ਪਹਿਲੇ ਨੰਬਰ ਵਿੱਚ ਹੋਵੇ। ਇੱਕ ਹੀ ਸਕੂਲ ਨੂੰ ਇੱਕ ਤੋਂ ਜ਼ਿਆਦਾ ਵਾਰੀ ਨਾ ਲਿੱਖੋ।
ਅਸੀਂ ਬਹੁਤ ਸਖ਼ਤ ਸੁਝਾਓ ਦਿੰਦੇ ਹਾਂ ਕਿ ਇਹ ਯਕੀਨ ਕਰ ਲਉ ਕਿ ਤੁਹਾਡਾ ਬੱਚਾ ਦਾਖ਼ਲੇ ਦੀਆਂ ਸ਼ਰਤਾਂ ਵਿੱਚੋਂ ਬਹੁਤ ਜ਼ਰੂਰੀ ਇੱਕ ਸ਼ਰਤ ਪੂਰੀ ਕਰਦਾ ਹੋਵੇ।

ਜੇ ਤੁਸੀਂ ਨੌਟਿੰਘਮ ਸਕੂਲ ਦੇ ਵਲੰਟਰੀ ਏਡਡ (ਚਰਚ) ਸਕੂਲ ਜਾਂ ਅਕੈਡਮੀ ਵਿੱਚ ਥਾਂ ਲਈ ਅਪਲਾਈ ਕਰ ਰਹੇ ਹੋ ਤਾਂ ਤੁਹਾਨੂੰ ਇੱਕ ਹੋਰ ਵਾਧੂ ਫ਼ਾਰਮ ਵੀ ਭਰਨਾ ਪਵੇਗਾ। ਇਹ ਫ਼ਾਰਮ ਤੁਸੀਂ ਸਕੂਲ ਜਾਂ ਇਸ ਵੇੱਬਸਾਈਟ ਤੋਂ ਲੈ ਸਕਦੇ ਹੋ

www.mynottingham.gov.uk/schooladmissions ਨੌਟਿੰਘਮ ਸਿਟੀ ਤੋਂ ਬਾਹਰਲੇ ਸਕੂਲਾਂ ਵਾਸਤੇ ਚੈੱਕ ਕਰ ਲਉ ਕਿ ਜੇ ਤੁਹਾਨੂੰ ਇਹ ਵਾਧੂ ਫ਼ਾਰਮ ਭਰਨਾ ਪੈਣਾ ਹੈ ਜਾਂ ਨਹੀਂ।

ਅਪਲਾਈ ਕਰਨ ਸਮੇਂ ਧਿਆਨ ਵਿੱਚ ਰੱਖਣ ਵਾਲੀਆਂ ਗੱਲਾਂ

Things to consider when applying

ਨੌਟਿੰਘਮ ਸਿਟੀ ਦੇ ਬਹੁਤੇ ਸਕੂਲਾਂ ਵਿੱਚ ਨਾਰਮਲ ਕੈਚਮੈਂਟ (ਨਾਲ ਲੱਗਦਾ) ਏਰੀਆਂ ਦੀ ਕਸੌਟੀ ਹੈ ਅਤੇ ਸਕੂਲ ਦੀ ਥਾਂ ਪੇਸ਼ ਕਰਨ ਸਮੇਂ ਉਸ ਇਲਾਕੇ ਵਿੱਚ ਰਹਿੰਦੇ ਬੱਚਿਆਂ ਨੂੰ ਪਹਿਲ ਦਿੱਤੀ ਜਾਂਦੀ ਹੈ। ਤੁਹਾਡੇ ਘਰ ਦੇ ਪਤੇ ਲਈ ਨਾਰਮਲ (ਕੈਚਮੈਂਟ) ਏਰੀਆ ਸਕੂਲ/ਸਕੂਲਾਂ ਬਾਰੇ ਵੇਰਵੇ ਆਨਲਾਈਨ ਤੇ ਮਿਲਦੇ ਹਨ।

ਜ਼ਿਆਦਾ ਪਸੰਦ ਕੀਤੇ ਸਕੂਲ ਵਿੱਚ ਤੁਹਾਡੇ ਬੱਚੇ ਨੂੰ ਥਾਂ ਮਿਲਣ ਦੇ ਮੌਕਿਆਂ ਤੇ ਸ਼ਾਇਦ ਅਸਰ ਕਰੇ। 'ਨੌਟਿੰਘਮ ਵਿੱਚ ਸਕੂਲ ਜਾਣਾ 2012/13 " ਕਿਤਾਬਚੇ ਵਿੱਚ ਮਾਪਿਆਂ/ਕੇਅਰਰਾਂ ਲਈ ਹਰ ਇੱਕ ਸਕੂਲ ਵਿੱਚ ਮਿਲਣ ਵਾਲੀਆਂ ਥਾਵਾਂ ਦੀ ਗਿਣਤੀ ਅਤੇ ਪਿਛਲੇ ਸਾਲ ਵਿੱਚ ਵੱਖ ਵੱਖ ਕਿਸਮਾਂ ਦੇ ਬੱਚਿਆਂ ਨੂੰ ਪੇਸ਼ ਕੀਤੀਆਂ ਥਾਵਾਂ ਬਾਰੇ ਦੱਸਿਆ ਹੈ ਜੋਕਿ ਸ਼ਾਇਦ ਤੁਸੀਂ ਫਾਇਦੇਮੰਦ ਸਮਝੋ।

ਕੁਝ ਸਕੂਲ ਸ਼ਾਇਦ ਮਾਪਿਆਂ ਜਾਂ ਕੇਅਰਰਾਂ ਵਾਸਤੇ ਆਕੇ ਸਕੂਲ ਵਿੱਚ ਦੇਖਣ ਅਤੇ ਟੀਚਰਾਂ ਨਾਲ ਗੱਲਬਾਤ ਕਰਨ ਲਈ ਓਪਨ ਈਵਨਿੰਗ ਦਾ ਬੰਦੋਬਸਤ ਕਰਦੇ ਹੋਣ, ਇਹ ਕਾਫ਼ੀ ਫਾਇਦੇਮੰਦ ਹੋ ਸਕਦੀਆਂ ਹਨ। ਇਨ੍ਹਾਂ ਬਾਰੇ ਉਸ ਸਕੂਲ ਤੋਂ ਪੁੱਛੋ ਜਿਸ ਵਿੱਚ ਤੁਸੀਂ ਦਿਲਚਸਪੀ ਰੱਖਦੇ ਹੋ।

ਇਸ ਬਾਰੇ ਸੋਚੋ ਕਿ ਤੁਹਾਡਾ ਬੱਚਾ ਉਸ ਸਕੂਲ ਵਿੱਚ ਕਿਵੇਂ ਜਾਵੇਗਾ ਕਿਉਂਕਿ ਬੱਚਿਆਂ ਨੂੰ ਸਕੂਲ ਲਿਜਾਣ ਲਈ ਤੁਸੀਂ ਜ਼ੁਮੇਂਵਾਰ ਹੋ। ਸਕੂਲ ਟਰਾਂਸਪੋਰਟ ਬਾਰੇ ਜਾਣਕਾਰੀ 'ਨੌਟਿੰਘਮ ਵਿੱਚ ਸਕੂਲ ਜਾਣਾ 2012/13 " ਕਿਤਾਬਚੇ ਵਿੱਚ ਮਿਲਦੀ ਹੈ।

ਉਸ ਤੋਂ ਬਾਅਦ ਕੀ ਹੋਵੇਗਾ?

ਜੇ ਤੁਸੀਂ ਆਨਲਾਇਨ ਅਪਲਾਈ ਕੀਤਾ ਤਾਂ ਤੁਹਾਨੂੰ 1 ਮਾਰਚ 2012 ਨੂੰ ਥਾਂ ਮਿਲ ਜਾਵੇਗੀ। ਸਭ ਅਰਜ਼ੀਆਂ ਭਰਨ ਵਾਲਿਆਂ ਨੂੰ ਉਸ ਦਿਨ ਸੈਕੰਡ ਕਲਾਸ ਟਿੱਕਟ ਲਾਕੇ ਚਿੱਠੀ ਭੇਜ ਦਿੱਤੀ ਜਾਵੇਗੀ।

ਮਿਹਰਬਾਨੀ ਕਰਕੇ ਯਾਦ ਰੱਖੋ: ਸਮੇਂ ਤੋਂ ਬਾਦ ਭੇਜੀਆਂ ਅਰਜ਼ੀਆਂ ਨੂੰ ਪਹਿਲੀ ਵਾਰੀ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ ਅਤੇ ਤੁਹਾਡੇ ਬੱਚੇ ਨੂੰ ਸ਼ਾਇਦ ਤੁਹਾਡੀ ਪਸੰਦ ਦੇ ਸਕੂਲ ਵਿੱਚ ਥਾਂ ਨਾ ਪੇਸ਼ ਕੀਤੀ ਜਾਵੇ।

ਜੇ ਸਕੂਲ ਵਿੱਚ ਮਿਲਣ ਵਾਲੀਆਂ ਥਾਵਾਂ ਨਾਲੋਂ ਅਰਜ਼ੀਆਂ ਜ਼ਿਆਦਾ ਹੋਣ ਤਾਂ ਸਕੂਲ ਦੀ 'ਸਮਰੱਥਾ ਤੋਂ ਵਾਧੂ' ਥਾਵਾਂ ਦੀ ਕਸੌਟੀ ਮੁਤਾਬਿਕ ਥਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ ਇਸ ਬਾਰੇ 'ਨੌਟਿੰਘਮ ਵਿੱਚ ਸਕੂਲ ਜਾਣਾ 2012/13 " ਕਿਤਾਬਚੇ ਵਿੱਚ ਮਾਪਿਆਂਅਤੇ ਕੇਅਰਰਾਂ ਲਈ ਦੱਸਿਆ ਗਿਆ ਹੈ।

ਜਿੱਥੇ ਅਸੀਂ ਤੁਹਾਡੀ ਪਸੰਦ ਦੇ ਕਿਸੇ ਵੀ ਸਕੂਲ ਵਿੱਚ ਥਾਂ ਨਹੀਂ ਦੇ ਸਕਦੇ ਉਸ ਹਾਲਤ ਵਿੱਚ ਤੁਹਾਡੇ ਬੱਚੇ ਨੂੰ ਤੁਹਾਡੇ ਕੈਚਮੈਂਟ ਏਰੀਏ ਦੇ ਕਮਿਉਨਟੀ ਸਕੂਲ ਵਿੱਚ ਥਾਂ ਪੇਸ਼ ਕੀਤੀ ਜਾਵੇਗੀ ਜੇ ਉੱਥੇ ਥਾਂ ਅਜੇ ਵੀ ਮਿਲਦੀ ਹੋਵੇ। ਜੇ ਕੋਈ ਵੀ ਥਾਂ ਨਾ ਮਿਲਦੀ ਹੋਵੇ ਤਾਂ ਉਸ ਤੋਂ ਅਗਲੇ ਨੌਟਿੰਘਮ ਸਿਟੀ ਦੇ ਨਜ਼ਦੀਕੀ ਥਾਂ ਮਿਲਣ ਵਾਲੇ ਕਮਿਉਨਟੀ ਸਕੂਲ (ਜਾਂ ਹੈਡਨ ਪਾਰਕ ਹਾਈ ਸਕੂਲ ਜਾਂ ਡਜਨੋਗਲੀ ਸਿਟੀ ਅਕੈਡਮੀ ਨੌਟਿੰਘਮ) ਵਿੱਚ ਥਾਂ ਪੇਸ਼ ਕੀਤੀ ਜਾਵੇਗੀ।

ਜੇ ਮੈਨੂੰ ਮੇਰੀ ਪਸੰਦ ਦੇ ਸਕੂਲ ਵਿੱਚ ਥਾਂ ਨਾ ਪੇਸ਼ ਕੀਤੀ ਗਈ ਤਾਂ ਫਿਰ ਕੀ ਹੁੰਦਾ ਹੈ?

ਤੁਹਾਡਾ ਬੱਚਾ ਆਪਣੇ ਆਪ ਹੀ ਨੌਟਿੰਘਮ ਕਮਿਉਨਟੀ ਦੇ ਕਿਸੇ ਵੀ ਸਕੂਲ, ਕਮਿਉਨਟੀ ਸਕੂਲਾਂ ਦੀ ਇੰਤਜ਼ਾਰ ਕਰਨ ਵਾਲੀ ਲਿਸਟ ਤੇ ਤੁਹਾਡੀ ਦਿੱਤੀ ਜ਼ਰੂਰੀ ਪਹਿਲ ਲਈ ਚਲੇ ਜਾਂਦਾ ਹੈ। ਤੁਸੀਂ ਸ਼ਾਇਦ ਸਾਨੂੰ ਲਿੱਖੋ ਕਿ ਬੱਚੇ ਦਾ ਨਾਂ ਉਸ ਸਕੂਲ ਦੀ ਇੰਤਜ਼ਾਰ ਕਰਨ ਵਾਲੀ ਸੂਚੀ ਤੇ ਜਾਵੇ ਜਿਸ ਨੂੰ ਤੁਸੀਂ ਘੱਟ ਦਰਜ਼ੇ ਦਾ ਨੰਬਰ ਦਿੱਤਾ ਸੀ ਇਸ ਦੀ ਬਜਾਏ ਕਿ ਜਿਹੜਾ ਪੇਸ਼ ਕੀਤਾ ਗਿਆ ਹੈ। ਦੂਸਰੇ ਸਕੂਲਾਂ ਦੀ ਦਾਖ਼ਲੇ ਦੇ ਬੰਦੋਬਸਤ ਵਾਲੀ ਵੇਟਿੰਗ ਲਿਸਟ ਚੈੱਕ ਕਰ ਲਉ।

ਤੁਸੀਂ ਫੈਸਲੇ ਦੇ ਖ਼ਿਲਾਫ਼/ਵਿਰੁੱਧ ਅਪੀਲ ਕਰ ਸਕਦੇ ਹੋ। ਅਪੀਲ ਕਿਵੇਂ ਕਰਨੀ ਹੈ ਇਸ ਬਾਰੇ ਜਾਣਕਾਰੀ ਤੁਹਾਡੇ ਫੈਸਲੇ ਬਾਰੇ ਮਿਲੀ ਚਿੱਠੀ ਵਿੱਚ ਸ਼ਾਮਲ ਹੋਵੇਗੀ।

ਅਰਜ਼ੀਆਂ ਬਾਰੇ ਸਹੀ/ਦਰੁਸਤ

Accuracy of applications

ਅਸੀਂ ਚਾਹੁੰਦੇ ਹਾਂਕਿ ਅਰਜ਼ੀ ਦੀ ਕਾਰਵਾਈ ਜਿੰਨਾ ਵੀ ਹੋ ਸਕੇ ਤੁਹਾਡੇ ਲਈ ਨਰਮਾਈ ਨਾਲ ਹੋਵੇ ਇਸ ਲਈ ਮਿਹਰਬਾਨੀ ਕਰਕੇ ਆਪਣੇ ਬਾਰੇ ਵੇਰਵੇ ਵਿੱਚ ਕੋਈ ਵੀ ਤਬਦੀਲੀ ਆਵੇ ਜਿਸ ਦਾ ਸ਼ਾਇਦ ਤੁਹਾਡੀ ਅਰਜ਼ੀ ਤੇ ਅਸਰ ਪਵੇ, ਉਸ ਬਾਰੇ ਸਾਨੂੰ ਦੱਸਦੇ ਰਹੋ।

ਮਾਪੇ/ਕੇਅਰਰਾਂ ਪਾਸੋਂ ਸ਼ਾਇਦ ਬੱਚੇ ਦੇ ਘਰ ਦੇ ਐਡਰਿਸ ਬਾਰੇ ਪੱਕਾ ਕਰਨ ਲਈ ਸਬੂਤ ਮੰਗੇ ਜਾਣ। ਜੇ ਸਾਨੂੰ ਕੋਈ ਵੀ ਸ਼ੱਕ ਹੋਵੇ ਕਿ ਅਰਜ਼ੀ ਜਾਣਬੁੱਝ ਕੇ ਗਲਤ ਜਾਂ ਧੋਖੇ ਵਾਲੀ ਜਾਣਕਾਰੀ ਵਰਤ ਕੇ ਕੀਤੀ ਗਈ ਹੈ ਤਾਂ ਅਸੀਂ ਪੂਰੀ ਛਾਣਬੀਣ ਕਰਾਂਗੇ। ਜੇ ਗਲਤ ਜਾਣਕਾਰੀ ਵਰਤ ਕੇ ਥਾਂ ਪੇਸ਼ ਕੀਤੀ ਗਈ ਤਾਂ ਉਹ ਸ਼ਾਇਦ ਵਾਪਸ ਲੈ ਲਈ ਜਾਵੇ ਅਤੇ ਉਸ ਬੱਚੇ ਨੂੰ ਦੇ ਦਿੱਤੀ ਜਾਵੇ ਜਿਸ ਦੀ ਦਾਖ਼ਲੇ ਦੀ ਕਸੌਟੀ ਮੁਤਾਬਿਕ ਜ਼ਿਆਦਾ ਪਹਿਲ ਸੀ।

ਹੋਰ ਜਾਣਕਾਰੀ

ਜੇ ਤੁਹਾਡੇ ਕੋਈ ਵੀ ਸਵਾਲ ਹੋਣ ਤਾਂ ਮਿਹਰਬਾਨੀ ਕਰਕੇ ਸਾਨੂੰ ਇਸ ਨੰਬਰ 0115 841 5568 ਤੇ ਫੋਨ ਕਰੋ ਜਾਂ ਇਸ ਪਤੇ ਤੇ ਈਮੇਲ ਕਰੋ admissions.exclusion@nottinghamcity.gov.uk

ਹੋਰ ਜਾਣਕਾਰੀ ਇਸ ਵੇਂਬਸਾਈਟ ਤੇ ਮਿਲ ਸਕਦੀ ਹੈ www.mynottingham.gov.uk/schooladmissions

ਅਰਜ਼ੀ ਬਾਰੇ ਜਾਂ ਅਪੀਲ ਕਰਨ ਦੇ ਤਰੀਕੇ ਬਾਰੇ ਇੰਡੀਪੈਨਡੈਂਟ/ਨਿਰਪੱਖ ਸਲਾਹ ਮਸ਼ਵਰਾ ਲੈਣ ਲਈ ਫੈਮਿਲੀਜ਼ ਇਨਫ਼ਾਰਮੇਸ਼ਨ ਸਰਵਿਸ (ਪਰਿਵਾਰਾਂ ਲਈ ਜਾਣਕਾਰੀ) ਨਾਲ ਇਸ ਨੰਬਰ ਤੇ ਸੰਪਰਕ ਕਰੋ 0800 458 4114 ਜਾਂ ਉਨ੍ਹਾਂ ਨੂੰ ਈਮੇਲ ਕਰੋ **fis@nottingham.gov.uk**

ਸਕੂਲ ਵਿੱਚ ਥਾਂ ਲੈਣ ਲਈ ਅਪਲਾਈ ਕਰਨ ਬਾਰੇ ਜਾਣਕਾਰੀ ਕਿਸੇ ਹੋਰ ਜ਼ਬਾਨ ਜਾਂ ਸ਼ਕਲ ਵਿੱਚ ਲੈਣ ਲਈ ਸਾਡੀ ਵੇਂਬਸਾਈਟ ਦੇਖੋ। ਨਜ਼ਰ ਦੀ ਅਪਾਹਜ਼ਤਾ ਵਾਲਿਆਂ ਲਈ ਬ੍ਰੇਲ ਅੱਖਰਾਂ ਵਿੱਚ ਲੈਣ ਲਈ ਮਿਹਰਬਾਨੀ ਕਰਕੇ ਇਸ ਨੰਬਰ 0115 841 5568 ਤੇ ਫੋਨ ਕਰੋ

ਆਖ਼ਰੀ ਤਰੀਕ 31 ਅਕਤੂਬਰ 2011

ਆਨ ਲਾਈਨ ਅਪਲਾਈ ਕਰੋ

www.mynottingham.gov.uk/schooladmissions